ਨਿਸ਼ਾਨ ਵਾਲੇ ਪ੍ਰਸ਼ਨ
ਬਾਅਦ ਦੁਪਹਿਰ ਦੀ ਬੈਠਕ

# ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 30 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬਾਅਦ ਦੁਪਹਿਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

**ਸ੍ਰੀ ਮੁਕਤਸਰ ਸਾਹਿਬ ਵਿਖੇ ਸੀਵਰੇਜ ਸਿਸਟਮ ਨੂੰ ਠੀਕ ਕਰਵਾਉਣਾ**

*332. **ਸਰਦਾਰ ਜਗਦੀਪ ਸਿੰਘ ਕਾਕਾ ਬਰਾੜ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਸੀਵਰੇਜ ਸਿਸਟਮ ਸਹੀ ਕੰਮ ਨਹੀਂ ਕਰ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਠੀਕ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮੱਲਾਂ ਵਾਲਾ ਜ਼ੀਰਾ ਲਈ ਫਾਇਰ ਬ੍ਰਿਗੇਡ ਮੁਹੱਈਆ ਕਰਵਾਉਣਾ**

*304. **ਸ੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੱਲਾਂ ਵਾਲਾ, ਤਹਿ: ਜ਼ੀਰਾ ਵਿਖੇ ਫਾਇਰ ਬ੍ਰਿਗੇਡ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਗੜ੍ਹਸ਼ੰਕਰ-ਝੁੰਗੀਆਂ ਪਿੰਡ ਸੜਕ ਦਾ ਨਿਰਮਾਣ ਕਰਨਾ**

*288. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ (ਸ਼ਹਿਰ)-ਝੁੰਗੀਆਂ ਪਿੰਡ ਦੀ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਹ ਸੜਕ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਸਬ ਡਵੀਜਨ ਫਿਲੌਰ ਵਿਖੇ ਸਰਕਾਰੀ ਡਿਗਰੀ ਕਾਲਜ ਖੋਲਣਾ**

*189. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਡਵੀਜਨ ਫਿਲੌਰ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਮਹਿੰਗੇ ਪ੍ਰਾਈਵੇਟ ਕਾਲਜਾਂ ਅਤੇ ਦੂਰ ਦੇ ਸਥਾਨਾਂ ਤੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਬ-ਡਵੀਜ਼ਨ ਫਿਲੌਰ ਵਿੱਚ ਇੱਕ ਸਰਕਾਰੀ ਡਿਗਰੀ ਕਾਲਜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਦੀ ਮੰਨਜ਼ੂਰੀ ਦਿੱਤੀ ਜਾਵੇਗੀ?

**ਭਦੌੜ ਦੇ ਪਿੰਡ ਜੰਗੀਆਣਾ ਵਿਖੇ ਫੋਕਲ ਪੁਆਇੰਟ ਬਣਾਉਣ ਦੇ ਵੇਰਵੇ**

*326. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਪਿੰਡ ਜੰਗੀਆਣਾ ਵਿਖੇ ਫੋਕਲ ਪੁਆਇੰਟ ਬਣਾਉਣ ਲਈ ਜਮੀਨ ਐਕਵਾਇਰ ਕੀਤੀ ਗਈ ਸੀ; ਜੇਕਰ ਹਾਂ ਤਾਂ ਇਥੇ ਹੁਣ ਤੱਕ ਫੋਕਲ ਪੁਆਇੰਟ ਨਾ ਬਣਾਉਣ ਦੇ ਕੀ ਕਾਰਨ ਹਨ?

**ਰਾਜ ਦੀ ਇਲੈਕਟ੍ਰਿਕ ਵਹੀਕਲ ਪਾਲਿਸੀ ਅਤੇ ਰਜਿਸਟਰਡ ਵਹੀਕਲਾਂ ਦੀ ਗਿਣਤੀ**

*150. **ਸ੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਵਿੱਚ ਕਿਸੇ ਇਲੈਕਟ੍ਰਿਕ ਵਹੀਕਲ ਪਾਲਿਸੀ ਨੂੰ ਮੰਨਜ਼ੂਰੀ ਦਿੱਤੀ ਗਈ ਹੈ;
ਅ) ਪੰਜਾਬ ਵਿੱਚ ਸਾਲ 2021-22 ਅਤੇ 2022 ਤੋਂ ਹੁਣ ਤੱਕ ਰਜਿਸਟਰਡ ਕੀਤੇ ਇਲੈਕਟ੍ਰਿਕ ਵਹੀਕਲਾਂ ਦੀ ਗਿਣਤੀ ਕਿੰਨੀ ਹੈ;
ੲ) ਕੀ ਸਰਕਾਰ ਵੱਲੋਂ ਇਲੈਕਟ੍ਰਿਕ ਵਹੀਕਲ ਖਰੀਦਣ ਤੇ ਕੋਈ ਲਾਭ/ਸਬਸਿਡੀ ਦਿੱਤੀ ਜਾਂਦੀ ਹੈ?

**ਨੂਰਦੀ ਅੱਡਾ ਤਰਨਤਾਰਨ ਤੋਂ ਸਬਾਜਪੁਰ ਨੂੰ ਜਾਂਦੀ ਸੜਕ ਬਣਾਉਣਾ**

*232. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੂਰਦੀ ਅੱਡਾ ਤਰਨਤਾਰਨ ਤੋਂ ਸਬਾਜਪੁਰ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਕਦੋਂ ਤੱਕ ਮੁਰੰਮਤ ਕਰਵਾ ਦਿੱਤੀ ਜਾਵੇਗੀ?

**ਹਲਕਾ ਸਨੌਰ ਵਿਖੇ ਸਟੇਡੀਅਮ ਬਣਾਉਣਾ**

*218. **ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਸਨੌਰ ਵਿਖੇ ਮੌਜੂਦਾ ਸਮੇਂ ਕਿੱਥੇ-ਕਿੱਥੇ ਤੇ ਕੁੱਲ ਕਿੰਨੇ ਸਟੇਡੀਅਮ ਹਨ ਅਤੇ ਕੀ ਉਨ੍ਹਾਂ ਵਿੱਚ ਲੋੜੀਂਦਾ ਇੰਫਰਾਸਟ੍ਰਕਚਰ ਮੌਜੂਦ ਹੈ; ਜੇਕਰ ਨਹੀਂ ਤਾਂ ਸਰਕਾਰ ਇਸ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ;
ਅ) ਸਰਕਾਰ ਹਲਕਾ ਸਨੌਰ ਵਿਖੇ ਖੇਡਾਂ ਵਾਸਤੇ ਹੋਰ ਕਿਹੜੇ-ਕਿਹੜੇ ਪਿੰਡਾਂ/ਕਸਬਿਆਂ ਵਿੱਚ ਸਟੇਡੀਅਮ ਬਣਾਉਣ ਦਾ ਵਿਚਾਰ ਰੱਖਦੀ ਹੈ?

**ਬਲਾਕ ਅਰਨੀਵਾਲਾ ਜ਼ਿਲ੍ਹਾ ਫਾਜਿਲਕਾ ਵਿਖੇ ਨੁਕਸਾਨੀ ਗਈ ਨਰਮੇ ਅਤੇ ਝੋਨੇ ਦੀ ਫਸਲ ਦਾ ਮੁਆਵਜ਼ਾ ਦੇਣਾ**

*75. **ਸ੍ਰੀ ਜਗਦੀਪ ਕੰਬੋਜ਼ ਗੋਲਡੀ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2020 ਵਿੱਚ ਬਲਾਕ ਅਰਨੀਵਾਲਾ, ਹਲਕਾ ਜਲਾਲਾਬਾਦ, ਜ਼ਿਲ੍ਹਾ ਫਾਜਿਲਕਾ ਵਿੱਚ ਨਰਮੇ ਦੀ ਫਸਲ ਦਾ ਕੁੱਲ ਕਿੰਨਾ ਰਕਬਾ ਭਾਰੀ ਬਾਰਸ਼ਾਂ ਨਾਲ ਅਤੇ ਸਾਲ 2021 ਦੌਰਾਨ ਝੋਨੇ ਦਾ ਕਿੰਨਾ ਰਕਬਾ ਗੜੇਮਾਰੀ ਕਾਰਨ ਨੁਕਸਾਨਿਆ ਗਿਆ ਸੀ;
ਅ) ਕੀ ਉਕਤ ਬਲਾਕ ਦੀ ਸਪੈਸ਼ਲ ਗਿਰਦਾਵਰੀ ਕਰਵਾਈ ਗਈ ਸੀ;
ੲ) ਸਰਕਾਰ ਵੱਲੋਂ ਉਕਤ ਬਲਾਕ ਲਈ ਕਿੰਨੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ, ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਦੀਆਂ ਗ੍ਰਾਮ ਪੰਚਾਇਤਾਂ ਦੇ ਚੁਣੇ ਹੋਏ ਸਰਪੰਚਾਂ ਨੂੰ ਪ੍ਰਸ਼ਾਸਕ ਨਿਯੁਕਤ ਕਰਨਾ**

*91. **ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਜ਼ਿਲ੍ਹਾਵਾਰ ਅਜਿਹੀਆਂ ਕਿੰਨੀਆਂ ਗ੍ਰਾਮ ਪੰਚਾਇਤਾਂ ਹਨ ਅਤੇ ਅਜਿਹੀਆਂ ਗ੍ਰਾਮ ਪੰਚਾਇਤਾਂ ਦੇ ਵੇਰਵੇ ਕੀ ਹਨ, ਜਿਹਨਾਂ ਦੇ ਚੁਣੇ ਹੋਏ ਸਰਪੰਚ ਹੋਣ ਦੇ ਬਾਵਜੂਦ ਸਰਕਾਰ ਨੇ ਮੌਜੂਦਾ ਸਮੇਂ ਤੇ ਪ੍ਰਸ਼ਾਸਕ ਨਿਯੁਕਤ ਕੀਤੇ ਹਨ;
ਅ) ਉਪਰੋਕਤ ਵਰਣਿਤ ਪ੍ਰਸ਼ਾਸਕ ਕਿਹੜੇ ਨਿਯਮਾਂ/ਉਪਬੰਧਾਂ ਅਧੀਨ ਨਿਯੁਕਤ ਕੀਤੇ ਗਏ ਹਨ?

**ਜ਼ਿਲ੍ਹਾ ਰੋਪੜ ਵਿਖੇ ਨਜਾਇਜ਼ ਮਾਈਨਿੰਗ ਤੇ ਕੀਤੀ ਕਾਰਵਾਈ ਦੇ ਵੇਰਵੇ**

*265. **ਸ੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਮਾਈਨਜ਼ ਐਂਡ ਜਿਆਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਸਮੇਂ ਦੌਰਾਨ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਓ.ਏ.ਨੰ:767/2018 ਅਤੇ ਐਗਜ਼ੀਕਿਊਸ਼ਨ ਐਪਲੀਕੇਸ਼ਨ ਨੰ:44/2019 ਵਿੱਚ ਰੋਪੜ ਜ਼ਿਲ੍ਹੇ ਦੀਆਂ 3 ਖੱਡਾਂ ਦੇ ਠੇਕੇਦਾਰਾਂ ਤੋਂ ਨਜਾਇਜ਼ ਮਾਈਨਿੰਗ ਦਾ ਮੁਆਵਜ਼ਾ ਵਸੂਲਣ ਲਈ ਹੁਕਮ ਕੀਤੇ ਸਨ ਅਤੇ ਨਾਲ ਹੀ ਸਬੰਧਤ ਠੇਕੇਦਾਰਾਂ ਅਤੇ ਅਫਸਰਾਂ ਖਿਲਾਫ ਫੌਜਦਾਰੀ ਅਤੇ ਵਿਭਾਗੀ ਕਾਰਵਾਈ ਦੇ ਹੁਕਮ ਵੀ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵੱਲੋਂ ਇਹ ਕਾਰਵਾਈ ਪੂਰੀ ਕਰ ਲਈ ਗਈ ਹੈ; ਵੇਰਵੇ ਦਿੱਤੇ ਜਾਣ?

ਪਰਤੋਂ ਜੀ....

**ਲੁਧਿਆਣਾ ਦੱਖਣੀ ਹਲਕੇ ਵਿੱਚ ਸਕਿੱਲ ਸੈਂਟਰ ਖੋਲ੍ਹਣਾ**

*334. **ਸ਼੍ਰੀਮਤੀ ਰਾਜਿੰਦਰ ਪਾਲ ਕੌਰ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਉਦਯੋਗਿਕ ਯੂਨਿਟਾਂ ਲਈ ਨਿਪੁੰਨ (ਸਕਿਲੱਡ) ਲੇਬਰ ਦੀ ਪੂਰਤੀ ਲਈ ਸਕਿੱਲ ਸੈਂਟਰ ਖੋਲੇ ਜਾਣ ਦੀ ਕੋਈ ਨੀਤੀ ਹੈ; ਜੇਕਰ ਹਾਂ ਤਾਂ ਕੀ ਲੁਧਿਆਣਾ ਦੱਖਣੀ ਹਲਕੇ ਵਿੱਚ ਸਕਿੱਲ ਸੈਂਟਰ ਖੋਲਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪ੍ਰਾਈਵੇਟ ਕੰਪਨੀਆਂ ਤੋਂ ਬਿਜਲੀ ਖਰੀਦਣਾ**

*258. **ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਸਰਕਾਰ ਦੁਆਰਾ ਅਪ੍ਰੈਲ ਅਤੇ ਮਈ, 2022 ਮਹੀਨਿਆਂ ਦੇ ਦੌਰਾਨ ਪ੍ਰਾਈਵੇਟ ਕੰਪਨੀਆਂ ਤੋਂ ਹਰੇਕ ਤੋਂ ਵੱਖ-ਵੱਖ ਕਿੰਨੀ ਬਿਜਲੀ ਖਰੀਦੀ ਹੈ;

ਅ) ਪ੍ਰਾਈਵੇਟ ਕੰਪਨੀਆਂ ਦੇ ਵੇਰਵੇ ਕੀ ਹਨ ਅਤੇ ਸਰਕਾਰ ਦੁਆਰਾ ਖਰੀਦੀ ਗਈ ਬਿਜਲੀ ਲਈ ਉਨ੍ਹਾਂ ਨੂੰ ਅਦਾ ਕੀਤੀ ਪ੍ਰਤੀ ਯੂਨਿਟ ਦਰਾਂ ਕੀ ਹਨ?

**ਗੋਇੰਦਵਾਲ ਸਾਹਿਬ ਵਿਖੇ ਖੇਡ ਸਟੇਡੀਅਮ ਬਣਾਉਣਾ**

*234. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.**:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੋਇੰਦਵਾਲ ਸਾਹਿਬ ਵਿਖੇ ਖੇਡ ਸਟੇਡੀਅਮ ਬਣਾਉਣ ਦੀ ਕੋਈ ਯੋਜਨਾਂ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਬਣਾ ਦਿੱਤਾ ਜਾਵੇਗਾ?

**ਪੀ.ਐਸ.ਪੀ.ਸੀ.ਐਲ. ਵਿੱਚ ਮੀਟਰ ਰੀਡਿੰਗ ਲਈ ਰੱਖੇ ਮੁਲਾਜਮਾਂ ਦੀਆਂ ਤਨਖਾਹਾਂ ਦੇ ਵੇਰਵੇ**

*268. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੀ.ਐਸ.ਪੀ.ਸੀ.ਐਲ ਵਿੱਚ ਜਿਨ੍ਹਾਂ ਕੰਪਨੀਆਂ ਨੂੰ ਮੀਟਰ ਰੀਡਿੰਗ ਲਈ ਮੁਲਾਜ਼ਮ ਰੱਖਣ ਦਾ ਕੰਮ ਦਿਤਾ ਗਿਆ ਹੈ ਕੀ ਉਹ ਕੰਪਨੀਆਂ ਇਨ੍ਹਾਂ ਮੁਲਾਜ਼ਮਾਂ ਨੂੰ ਡੀ.ਸੀ.ਰੇਟ ਮੁਤਾਬਿਕ ਤਨਖਾਹਾਂ ਦੇ ਰਹੇ ਹਨ;

ਅ) ਕੀ ਉਪਰੋਕਤ ਸਬੰਧੀ ਸਬੰਧਤ ਅਧਿਕਾਰੀਆਂ ਵੱਲੋਂ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਜਿੱਥੇ ਡੀ.ਸੀ.ਰੇਟਾਂ ਮੁਤਾਬਿਕ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ; ਕੀ ਉੱਥੇ ਅਜਿਹੀਆਂ ਕੰਪਨੀਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ;

ੲ) ਕੀ ਉਪਰੋਕਤ ਕੰਪਨੀਆਂ ਵੱਲੋਂ ਪਹਿਲਾਂ ਤੋਂ ਪੀ.ਐਸ.ਪੀ.ਸੀ.ਐਲ ਦੇ ਤਹਿਤ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਲਈ ਲੇਬਰ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ; ਜੇਕਰ ਹਾਂ ਤਾਂ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ ਖਿਲਾਫ ਕਾਰਵਾਈ ਲਈ ਸਬੰਧਤ ਅਧਿਕਾਰੀ ਕੌਣ ਹਨ?

**ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਵਿੱਚ ਅੱਪਗ੍ਰੇਡ ਕਰਨਾ**

*58. **ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਸਰਕਾਰੀ ਮਿਡਲ ਸਕੂਲ, ਭੰਗੜ ਖੇੜਾ (ਖੂਹੀਆਂ ਸਰਵਰ ਬਲਾਕ), ਸਰਕਾਰੀ ਮਿਡਲ ਸਕੂਲ, ਉਸਮਾਨ ਖੇੜਾ (ਖੂਹੀਆਂ ਸਰਵਰ ਬਲਾਕ) ਅਤੇ ਸਰਕਾਰੀ ਮਿਡਲ ਸਕੂਲ, ਧਨੀ ਕਰਨੈਲ (ਅਬੋਹਰ ਬਲਾਕ) ਨੂੰ ਹਾਈ ਸਕੂਲਾਂ ਵਿੱਚ ਅੱਪਗ੍ਰੇਡੇਸ਼ਨ ਕਰਨ ਦੀ ਸਥਿਤੀ ਕੀ ਹੈ?

**ਹਲਕਾ ਬੰਗਾ ਦੀ ਪੰਚਾਇਤੀ/ਸਰਕਾਰੀ ਜ਼ਮੀਨ ਤੇ ਹੋਏ ਨਜਾਇਜ਼ ਕਬਜ਼ੇ ਛੁਡਾਉਣਾ**

*132. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਕੁੱਲ ਕਿੰਨੀ ਪੰਚਾਇਤੀ/ਸਰਕਾਰੀ ਜ਼ਮੀਨ ਹੈ ਤੇ ਇਸ ਵਿੱਚੋਂ ਕਿੰਨੀ ਜ਼ਮੀਨ ਕਿੰਨੇ ਸਮੇਂ ਤੋਂ ਨਜ਼ਾਇਜ ਕਬਜੇ ਅਧੀਨ ਹੈ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਨਜ਼ਾਇਜ ਕਬਜੇ ਅਧੀਨ ਜ਼ਮੀਨ ਤੇ ਪਿਛਲੇ 30-30 ਸਾਲਾਂ ਤੋਂ ਉਸਾਰੀਆਂ ਕਰਕੇ ਜਿਹੜੇ ਲੋਕ ਰਹਿ ਰਹੇ ਹਨ ਜਾਂ ਆਪਣਾ ਕੋਈ ਕੰਮ-ਧੰਦਾ ਕਰ ਰਹੇ ਹਨ ਕੀ ਉਨ੍ਹਾਂ ਲੋਕਾਂ ਤੋਂ ਇਹ ਜ਼ਮੀਨ ਛੁਡਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ?

**ਡੇਰਾਬੱਸੀ ਲਈ ਪੀਣ ਵਾਲੇ ਅਤੇ ਸਿੰਚਾਈ ਲਈ ਨਰਵਾਣਾ ਬਰਾਂਚ ਤੋਂ ਪਾਣੀ ਮੁਹੱਈਆ ਕਰਵਾਉਣਾ**

*207. **ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿੱਚ ਪੀਣ ਅਤੇ ਸਿੰਚਾਈ ਲਈ ਨਰਵਾਣਾ ਬਰਾਂਚ ਤੋਂ ਪਾਣੀ ਦੇਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਹਲਕਾ ਦਸੂਹਾ ਦੇ ਕਸਬਾ ਕਮਾਹੀ ਦੇਵੀ ਦੇ ਹਸਪਤਾਲ ਨੂੰ ਅੱਪਗ੍ਰੇਡ ਕਰਨਾ**

*163. **ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਸੂਹਾ ਦੇ ਕੰਡੀ ਏਰੀਏ ਦੇ ਇਤਿਹਾਸਿਕ ਕਸਬਾ ਕਮਾਹੀ ਦੇਵੀ ਦੇ ਹਸਪਤਾਲ ਨੂੰ 25 ਬੈਡਾਂ ਤੋਂ 50 ਬੈਡਾਂ ਤੱਕ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੀ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਮਾਣਾ ਸ਼ਹਿਰ ਨੂੰ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਸਪਲਾਈ ਕਰਨਾ**

*33. **ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਮਾਣਾ ਸ਼ਹਿਰ ਨੂੰ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਯੋਜਨਾ ਕਦੋਂ ਤੱਕ ਨੇਪਰੇ ਚੜ੍ਹ ਜਾਵੇਗੀ?

ਚੰਡੀਗੜ੍ਹ
ਮਿਤੀ 29 ਜੂਨ, 2022

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।